22

# ਮੌਤ

ਮੌਤ ਪਰੇਸ਼ਾਨ ਕਰਨ ਵਾਲਾ ਵਿਸ਼ਾ ਹੋ ਸਕਦੀ ਹੈ, ਪਰ ਇਹਦਾ ਸਾਹਮਣਾ ਹਰ ਕਿਸੇ ਨੂੰ ਕਰਨਾ ਪੈਣਾ ਹੈ। ਮੈਂ ਇਕ ਆਦਮੀ ਬਾਰੇ ਸੁਣਿਆ ਸੀ ਜੋ ਆਪਣੇ ਸਾਹਮਣੇ ਮੌਤ ਦਾ ਨਾਂਅ ਨਹੀਂ ਲੈਣ ਦੇਣਾ ਚਾਹੁੰਦਾ ਸੀ। ਉਹਨੇ ਇਹਦੇ ਕਿਸੇ ਵੀ ਸੁਝਾਅ ਨਾਲ ਕਿਸੇ ਵੀ ਤਰ੍ਹਾਂ ਦੇ ਸੰਪਰਕ ਕਰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ, ਪਰ ਉਹ ਮਰਨੋਂ ਬਚ ਨਾ ਸਕਿਆ। ਮੌਤ ਨੂੰ ਸੁਫ਼ਨਾ ਦੱਸਣ ਵਾਲੀਆਂ ਐਨੀਆਂ ਕਵਿਤਾਵਾਂ ਅਤੇ ਗੀਤਾਂ ਦੇ ਲਿਖੇ ਜਾਣ ਦੇ ਬਾਵਜੂਦ ਵੀ ਇਕ ਡੰਗ ਵਾਂਗ ਹੈ। ਇਹ ਇਕ ਖ਼ੌਫ਼ਨਾਕ ਹਕੀਕਤ ਹੈ। ਅਸੀਂ ਇਹਦੇ ਸੰਪਰਕ ਤੋਂ ਬਚ ਨਹੀਂ ਸਕਦੇ। ਸਾਡੀ ਹੋਂਦ 'ਤੇ ਇਹ ਲਿਖੀ ਗਈ ਹੈ। ਆਪਣੇ ਅਧਿਐਨ ਨੂੰ ਜਿਸਮਾਨੀ ਮੌਤ ਦੇ ਵਿਸ਼ੇ ਤਕ ਸੀਮਤ ਰੱਖਣ ਦੀ ਬਜਾਏ ਅਸੀਂ ਧਿਆਨ ਦਿਆਂਗੇ ਕਿ ਪਵਿੱਤਰ ਲਿਖਤ ਵਿਚ ਇਸ ਸ਼ਬਦ ਦੀ ਖਾਸੀ ਅਹਿਮੀਅਤ ਹੈ।

## ਇਕ ਵਾਰ ਸਭ ਦੀ ਮੌਤ ਹੋਈ ਹੈ

ਇਕ ਵਾਰ ਹਰ ਕੋਈ ਮਰਿਆ ਹੈ। ਉਹ ਕਦੋਂ ਅਤੇ ਕਿਵੇਂ ਮਰਿਆ? ਜਦ ਆਦਮੀ ਪਾਪੀ ਬਣਦਾ ਹੈ, ਤਾਂ ਖ਼ੁਦਾ ਦੀ ਨਜ਼ਰ ਵਿਚ ਉਹ ਗੁਆਚਿਆ ਹੋਇਆ ਬਣ ਜਾਂਦਾ ਹੈ। ਪਾਪ ਕਰਕੇ ਮੌਤ ਆਉਂਦੀ ਹੈ (ਯਕੂਬ 1:15)। ਪਾਪ 'ਚ ਜ਼ਿੰਦਗੀ ਗੁਜ਼ਾਰਨ ਦਾ ਮਤਲਬ ਹੈ ਮਰਨਾ (1 ਤਿਮੋਥਿਉਸ 5:6)। ਸਭ ਨੇ ਪਾਪ ਕੀਤਾ ਹੈ (ਰੋਮੀਆਂ 3:23), ਇਸ ਕਰਕੇ ਇਨ੍ਹਾਂ ਅਰਥਾਂ ਵਿਚ ਸਭ ਦੀ ਮੌਤ ਹੋਈ ਹੈ।

ਯਕੀਨਨ, ਇਸ ਵਿਚ ਨਵਜੰਮੇ ਬੱਚੇ ਸ਼ਾਮਿਲ ਨਹੀਂ ਹਨ, ਪਰ ਇਹ ਹਰ ਉਸ ਸ਼ਖ਼ਸ 'ਤੇ ਲਾਗੂ ਹੁੰਦੀ ਹੈ ਜੋ ਜ਼ਿੰਮੇਵਾਰ ਹੈ ਅਤੇ ਆਪਣੇ ਕੰਮਾਂ ਲਈ ਜਵਾਬਦੇਹ ਹੈ। ਕੁਝ ਲੋਕਾਂ ਦੀ ਸਿੱਖਿਆ ਹੈ ਕਿ ਬੱਚੇ ਜਨਮ ਤੋਂ ਪਾਪੀ ਹੁੰਦੇ ਹਨ। ਬਾਈਬਲ ਇਹ ਸਿੱਖਿਆ ਨਹੀਂ ਦਿੰਦੀ। ਅਸੀਂ ਪੜ੍ਹਦੇ ਹਾਂ, ''ਜਿਹੜੀ ਜਾਨ ਪਾਪ ਕਰੇਗੀ ਉਹੀ ਮਰੇਗੀ'' (ਹਿਜ਼ਕੀਏਲ 18:4)।

ਬਾਈਬਲ ਵਿਚ ਮਿਲਣ ਵਾਲੀ ਪਾਪ ਦੀ ਪਰਿਭਾਸ਼ਾ (1 ਯੂਹੰਨਾ 3:4; ਯਾਕੂਬ 4:17) ਤੋਂ ਪਤਾ ਲਗਦਾ ਹੈ ਕਿ ਪਾਪ ਕੁਝ ਅਜਿਹਾ ਹੈ ਜਿਸ ਨੂੰ ਅਸੀਂ ਕਰਦੇ ਹਾਂ ਜਾਂ ਕਰਨ ਵਿਚ ਨਾਕਾਮ ਰਹਿੰਦੇ ਹਾਂ, ਨਾ ਕਿ ਮੀਰਾਸ ਵਿਚ ਮਿਲਣ ਵਾਲੀ ਕੋਈ ਚੀਜ਼। ਮੈਂ ਮੌਤ ਲਈ ਕਿਸੇ ਖ਼ਾਸ ਉਮਰ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਨਹੀਂ ਕਰਾਂਗਾ, ਕਿਉਂਕਿ ਬਾਈਬਲ ਇਹਦੀ ਕੋਈ ਉਮਰ ਨਹੀਂ ਠਹਿਰਾਉਂਦੀ। ਬਿਨਾ ਕਿਸੇ ਸ਼ੱਕ ਦੇ, ਇਹ ਵੱਖੋ-ਵੱਖ ਮਾਮਲਿਆਂ ਵਿਚ ਵੱਖੋ-ਵੱਖ ਉਮਰ ਵਿਚ ਹੁੰਦੀ ਹੈ।

ਇਹਨੂੰ ਮੌਤ ਕਿਉਂ ਕਿਹਾ ਜਾਂਦਾ ਹੈ? ਕਿਉਂਕਿ ਰੂਹ ਖ਼ੁਦਾ ਤੋਂ ਵੱਖ ਹੋ ਜਾਂਦੀ ਹੈ ਅਤੇ ਸਜ਼ਾ ਦੀ ਹਾਲਤ ਵਿਚ ਰਹਿੰਦੀ ਹੈ। ਇਹਨੂੰ ਰੂਹਾਨੀ ਜ਼ਿੰਦਗੀ ਭਾਵ ਖ਼ੁਦਾ ਨਾਲ ਸੰਗਤੀ ਤੋਂ ਦੂਰ ਕਰ ਦਿੱਤਾ ਜਾਂਦਾ ਹੈ। ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਦੀਆਂ ਬਹੁਤ ਸਾਰੀਆਂ ਗੱਲਾਂ ਹੁਣ ਸਪੱਸ਼ਟ ਹੋ ਜਾਂਦੀਆਂ ਹਨ। ਪੌਲੁਸ ਨੇ ਅਫ਼ਸੁਸ ਵਿਚ ਰਹਿਣ ਵਾਲੇ ਮਸੀਹੀ ਲੋਕਾਂ ਨੂੰ ਦੱਸਿਆ ਕਿ ਉਹ ਪਾਪ ਵਿਚ ਮੁਰਦੇ ਸਨ (ਅਫ਼ਸੀਆਂ 2:1)। ਇਹੀ ਗੱਲ ਉਹਨੇ ਕੁਲੱਸੇ ਦੇ ਲੋਕਾਂ ਨੂੰ ਕਹੀ ਸੀ (ਕੁਲੁੱਸੀਆਂ 2:13)। ਯੂਹੰਨਾ ਨੇ ਕਿਹਾ ਕਿ ਮਸੀਹੀ ਲੋਕ ਮੌਤ ਤੋਂ ਪਾਰ ਲੰਘ ਕੇ ਜ਼ਿੰਦਗੀ ਕੋਲ ਆਏ ਹਨ (1 ਯੂਹੰਨਾ 3:14)। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਆਦਮ ਅਤੇ ਹੱਵਾਹ ਫ਼ਲ ਖਾਣ ਵਾਲੇ ਦਿਨ ਹੀ ਕਿਵੇਂ ਮਰੇ ਸਨ। ਜਦ ਅਸੀਂ ਰੂਹਾਨੀ ਮੌਤ ਦੀ ਧਾਰਣਾ ਨੂੰ ਸਮਝ ਜਾਂਦੇ ਹਾਂ ਤਾਂ ਯਿਸੂ ਦੀ ਕਹੀ ਅਚਰਜ ਗੱਲ ਕਿ ''ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਉਹ ਸਮਾਂ ਆਉਂਦਾ ਹੈ ਸਗੋਂ ਹੁਣੇ ਹੈ ਕਿ ਮੁਰਦੇ ਪ੍ਰਮੇਸ਼ਵਰ ਦੇ ਪੁੱਤਰ ਦੀ ਅਵਾਜ਼ ਸੁਣਨਗੇ ਅਤੇ ਸੁਣ ਕੇ ਜਿਊਣਗੇ'' (ਯੂਹੰਨਾ 5:25) ਵੀ ਸਾਨੂੰ ਸਮਝ ਆਉਣ ਲਗਦੀ ਹੈ।

ਇਕ ਆਦਮੀ ਜੋ ਪਾਪ ਵਿਚ ਮੁਰਦਾ ਸੀ, ਆਪਣੇ ਕਿਸੇ ਦੋਸਤ ਕੋਲ ਜਾ ਰਿਹਾ ਸੀ ਜੋ ਸਰੀਰਕ ਤੌਰ ਤੇ ਮਰ ਰਿਹਾ ਸੀ। ਮਿਲਣ ਜਾਣ ਵਾਲਾ ਆਦਮੀ ਬੜੀ ਹਮਦਰਦੀ ਵਿਖਾ ਰਿਹਾ ਸੀ, ਪਰ ਮਰਨ ਵਾਲਾ ਇਕ ਵਿਸ਼ਵਾਸੀ ਮਸੀਹੀ ਸੀ। ਅਸਲ 'ਚ, ਮਸੀਹੀ ਆਦਮੀ ਉਸ 'ਤੇ ਅਫ਼ਸੋਸ ਕਰਨ ਵਾਲੇ ਨਾਲੋਂ ਕਿਤੇ ਬੇਹਤਰ ਹਾਲਤ ਵਿਚ ਸੀ।

## ਕਈ ਲੋਕ ਦੋ ਵਾਰ ਮਰੇ ਹਨ

ਸਾਡੇ ਵਿੱਚੋਂ ਜੋ ਲੋਕ ਮਸੀਹੀ ਬਣ ਗਏ ਹਨ ਉਹ ਮਰ ਕੇ ਮਸੀਹੀ ਬਣੇ ਹਨ। ਪਹਿਲੀ ਮੌਤ ਪਾਪ *ਵਿਚ* ਸੀ, ਪਰ ਹੁਣ ਅਸੀਂ ਪਾਪ ਲਈ ਮਰ ਕੇ ਮਸੀਹੀ ਬਣੇ ਹਾਂ। ਪੌਲੁਸ ਨੇ ਕਿਹਾ, ''ਕਿਉਂ ਜੋ ਤੁਸੀਂ ਮੋਏ'' (ਕੁਲੁੱਸੀਆ 3:3)। ਰੋਮੀਆਂ 6:3, 4 ਵਿਚ ਸ਼ਾਨਦਾਰ ਸ਼ਬਦਾਂ ਨੂੰ ਯਾਦ ਕਰੋ ਜਿੱਥੇ ਪੌਲੁਸ ਨੇ ਰੋਮ ਦੇ ਨਾਗਰਿਕਾਂ ਨੂੰ ਵਿਖਾਇਆ ਕਿ ਉਹ ਪਾਪ ਵਿਚ ਕਿਉਂ ਨਹੀਂ ਲੱਗੇ ਰਹਿ ਸਕਦੇ। ਉਹਨੇ ਉਨ੍ਹਾਂ ਨੂੰ ਉਹ ਸਮਾਂ ਯਾਦ ਕਰਵਾਇਆ ਜਦ ਉਹ ਖ਼ੁਦਾ ਦੀ ਸੰਤਾਨ ਬਣੇ ਸਨ। ਉਹਨੇ ਕਿਹਾ ਕਿ ਬਪਤਿਸਮਾ ਲੈਣ ਨਾਲ ਉਹ ਮਸੀਹ ਦੀ ਮੌਤ ਵਿਚ ਦਫ਼ਨ ਹੋਏ ਸਨ ਅਤੇ ਫਿਰ ਨਵੀਂ ਜ਼ਿੰਦਗੀ ਲਈ ਜੀ ਉੱਠੇ ਸਨ। ਯਕੀਨਨ ਹੀ ਇਹ ਵਿਖਾਉਂਦਾ ਹੈ ਕਿ ਨਵੀਂ ਜ਼ਿੰਦਗੀ ਬਪਤਿਸਮੇ ਤੋਂ ਪਹਿਲਾਂ ਨਹੀਂ ਆਉਂਦੀ ਹੈ, ਪਰ ਇਹਨੂੰ ਮੌਤ ਕਿਉਂ ਕਿਹਾ ਗਿਆ? ਕਿਉਂਕਿ ਖ਼ੁਦਾ ਦੀ ਸੰਤਾਨ ਬਣ ਕੇ, ਅਸੀਂ ਆਪਣੇ ਆਪ ਨੂੰ ਪਾਪ ਦੇ ਸਾਹਮਣੇ ਪੁਰਾਣੀ ਜ਼ਿੰਦਗੀ ਤੋਂ ਦੂਰ ਕਰ ਲੈਂਦੇ ਹਾਂ। ਪੁਰਾਣੇ ਮਨੁੱਖ ਨੂੰ ਸਲੀਬ ਦੇ ਦਿੱਤਾ ਜਾਂਦਾ ਹੈ।

## ਜਿਸਮਾਨੀ ਮੌਤ ਸਭ ਮਰਨਗੇ

''ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹਦੇ ਬਾਅਦ ਨਿਆਂ ਹੁੰਦਾ ਹੈ'' (ਇਬਰਾਨੀਆਂ 9:27); ''... ਆਦਮ ਵਿਚ ਸੱਭੇ ਮਰਦੇ ਹਨ'' (1 ਕੁਰਿੰਥੀਆਂ 15:22)। ਇਹੀ ਉਹ ਜਿਸਮਾਨੀ ਮੌਤ ਹੈ ਜੋ ਉਸ ਸਮੇਂ ਹੁੰਦੀ ਹੈ ਜਦ ਆਤਮਾ ਸਰੀਰ ਨੂੰ ਛੱਡ ਕੇ ਚਲੀ ਜਾਂਦੀ ਹੈ। ''ਆਤਮਾ ਬਾਝੋਂ ਸਰੀਰ ਮੁਰਦਾ ਹੈ'' (ਯਾਕੂਬ 2:26)।

ਬਹੁਤ ਸਾਰੇ ਲੋਕਾਂ ਨੂੰ ਇਹ ਸਮਝਣਾ ਔਖਾ ਲਗਦਾ ਹੈ ਕਿ ਮੌਤ ਦੀ ਸਜ਼ਾ ਹਰ ਮਨੁੱਖ 'ਤੇ

ਹੈ ਅਤੇ ਛੇਤੀ ਹੀ ਇਹਨੂੰ ਅਮਲੀ ਰੂਪ ਦਿੱਤਾ ਜਾਵੇਗਾ। ਜ਼ਿੰਦਗੀ ਦੀ ਸੰਖੇਪਤਾ ਅਤੇ ਮੌਤ ਦਾ ਯਕੀਨੀ ਹੋਣਾ ਸਾਨੂੰ ਪ੍ਰਭਾਵਿਤ ਕਰਨ ਲਈ ਬਾਈਬਲ ਸਭ ਅਲੰਕਾਰਾਂ ਦੀ ਵਰਤੋਂ ਕਰਦੀ ਹੈ। ''ਸਾਡੀ ਉਮਰ ਦੇ ਦਿਨ ਸੱਤਰ ਵਰ੍ਹੇ ਹਨ, ਪਰ ਜੇ ਸਾਹ ਸਤ ਹੋਵੇ ਤਾਂ ਅੱਸੀ ਵਰ੍ਹੇ, ਪਰ ਉਨ੍ਹਾਂ ਦੀ ਆਕੜ ਕਸ਼ਟ ਅਤੇ ਸੋਗ ਹੀ ਹੈ, ਉਹ ਛੇਤੀ ਬੀਤ ਜਾਂਦੇ ਹਨ ਅਤੇ ਅਸੀਂ ਉਡਾਰੀ ਮਾਰ ਜਾਂਦੇ ਹਾਂ''(ਜ਼ਬੂਰ 90:10)। ਥੋੜ੍ਹੀ ਹੀ ਦੇਰ 'ਚ ਸਾਡੇ ਵਿੱਚੋਂ ਹਰ ਕੋਈ ਉਸ ਨੀਂਦ ਵਿਚ ਸੌਂ ਜਾਵੇਗਾ ਜਿਸ ਵਿਚ ਮੁਰਦੇ ਸੌਂਦੇ ਹਨ ਜਿਨ੍ਹਾਂ ਨੂੰ ਭੁਲਾ ਦਿੱਤਾ ਜਾਂਦਾ ਹੈ। ਉਹ ਅਦ੍ਰਿਸ਼ ਦੁਨੀਆਂ ਤੋਂ ਦੂਰ ਨਹੀਂ ਹੈ। ਮਾਸ ਦੀ ਇਕ ਪਤਲੀ ਜਿਹੀ ਪਰਤ ਹੀ ਸਾਨੂੰ ਵੱਖ ਕਰ ਦਿੰਦੀ ਹੈ। ਇਕ ਪਲ ਵਿਚ, ਅੱਖ ਝਮੱਕਦਿਆਂ ਹੀ ਅਸੀਂ ਉੱਥੇ ਹੋਵਾਂਗੇ। ਮਸੀਹ ਇਕ ਦਿਨ ਇਸ ਦੁਸ਼ਮਣ ਦਾ ਨਾਸ ਕਰ ਦੇਵੇਗਾ (1 ਕੁਰਿੰਥੀਆਂ 15:26), ਪਰ ਤਦ ਤਕ ਸਭ ਮਨੁੱਖਾਂ ਲਈ ਸਰੀਰਕ ਰੂਪ ਵਿਚ ਮਰਨਾ ਜ਼ਰੂਰੀ ਹੈ।

## ਕਈਆਂ ਨੂੰ ''ਦੂਜੀ ਮੌਤ'' ਆਵੇਗੀ

ਆਖ਼ਰੀ ਮੌਤ ਜਿਹਦੀ ਚਰਚਾ ਕਰਨੀ ਜ਼ਰੂਰੀ ਹੈ, ਪਵਿੱਤਰ ਲਿਖਤ ਵਿਚ ਉਹਨੂੰ ''ਦੂਜੀ ਮੌਤ'' (ਪ੍ਰਕਾਸ਼ ਦੀ ਪੋਥੀ 20:14, 21:8) ਕਿਹਾ ਗਿਆ ਹੈ। ਇਹ ਅਬਦੀ ਮੌਤ ਹੈ। ਇਹਨੂੰ ਅਜਿਹਾ ਕਿਉਂ ਕਿਹਾ ਗਿਆ ਹੈ? ਇੱਥੇ ਵੀ ਵੱਖ ਹੋਣ ਦਾ ਵਿਚਾਰ ਹੈ ਭਾਵ ਨਾਸ ਹੋਏ ਲੋਕ ਸਦਾ ਸਦਾ ਲਈ ਖ਼ੁਦਾ ਅਤੇ ਅਬਦੀ ਜ਼ਿੰਦਗੀ ਤੋਂ ਵੱਖ ਕਰ ਦਿੱਤੇ ਜਾਣਗੇ। ਇਸ ਮੌਤ ਤੋਂ, ਕੋਈ ਜੀ ਉੱਠਣਾ ਨਹੀਂ ਹੋਵੇਗਾ। ਇਹ ਇਕ ਜ਼ਿੰਦਾ ਮੌਤ ਭਾਵ ਮਰ ਰਹੀ ਜ਼ਿੰਦਗੀ ਹੋਵੇਗੀ। ਜਿਨ੍ਹਾਂ ਨੇ ਮਸੀਹ ਦੀ ਗੱਲ ਨਹੀਂ ਮੰਨੀ ਉਨ੍ਹਾਂ ਨੂੰ ਅਬਦੀ ਹੋਂਦ ਮਿਲੇਗੀ ਪਰ ਅਬਦੀ ਜ਼ਿੰਦਗੀ ਨਹੀਂ। ਜ਼ਿੰਦਗੀ ਦਾ ਅਰਥ ਖ਼ੁਦਾ ਨਾਲ ਮੇਲ ਹੈ।

## ਸਾਰ

ਯਿਸੂ ਕੋਲ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਹਨ (ਪ੍ਰਕਾਸ਼ ਦੀ ਪੋਥੀ 1:18)। ਉਹਨੇ ਮੌਤ 'ਤੇ ਫ਼ਤਹਿ ਪਾ ਲਈ ਹੈ ਅਤੇ ਉਹਨੂੰ ਇਸ 'ਤੇ ਅਖ਼ਤਿਆਰ ਹੈ। ਉਹਦੇ ਕੋਲ ਕੁੰਜੀਆਂ ਹਨ। ਮੈਂ ਜੇਲ੍ਹਾਂ ਵਿਚ ਗਿਆ ਹਾਂ ਪਰ ਉਸ ਆਦਮੀ ਦੇ ਨਾਲ ਰਹਿਣ ਤਕ ਜਿਹਦੇ ਕੋਲ ਕੁੰਜੀਆਂ ਹੁੰਦੀਆਂ ਹਨ, ਮੈਨੂੰ ਕਿਸੇ ਤਰ੍ਹਾਂ ਦਾ ਖ਼ੌਫ਼ ਨਹੀਂ ਹੁੰਦਾ। ਯਿਸੂ ਨੇ ਯੂਹੰਨਾ ਨੂੰ ਕਿਹਾ, ''ਵੇਖ ... ਕੁੰਜੀਆਂ ਮੇਰੇ ਹੀ ਕੋਲ ਹਨ।'' ਉਹਦੇ ਨਾਲ ਚੱਲਣਾ ਜਿਹਦੇ ਕੋਲ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਹਨ, ਖ਼ੌਫ਼ ਨੂੰ ਮਿਟਾ ਦਿੰਦਾ ਹੈ। ਜੇ ਯਿਸੂ ਸਾਡਾ ਦੋਸਤ ਹੈ ਅਤੇ ਅਸੀਂ ਉਹਦੇ ਵਫ਼ਾਦਾਰ ਹਾਂ ਤਾਂ ''ਮੌਤ ਦੀ ਛਾਂ ਦੀ ਵਾਦੀ ਵਿਚ'' (ਜ਼ਬੂਰ 23:4) ਵੀ ਡਰਨ ਦੀ ਲੋੜ ਨਹੀਂ ਹੈ। ਉਹਦੇ ਸੋਟੇ ਅਤੇ ਲਾਠੀ ਅਤੇ ਕੁੰਜੀਆਂ ਨਾਲ ਸਾਨੂੰ ਤਸੱਲੀ ਮਿਲਦੀ ਹੈ।